# ਬਿਪਰਵਾਦ ਦਾ ਮਾਰੂ ਹਥਿਆਰ ਕਾਲਾ ਅਫ਼ਗਾਨਾ

*-ਗੁਰਸਿੱਖ ਫੀਚਰਜ਼*

ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਪੰਥ ਦੋਖੀ ਸਰਗਰਮ ਰਹੇ ਹਨ। ਦਸਵੇਂ ਪਾਤਸ਼ਾਹ ਤੋਂ ਉਪਰੰਤ 1710 ਤੋਂ ਲੈ ਕੇ 1765 ਦੇ ਵੱਡੇ ਘੱਲੂਘਾਰੇ ਤਕ ਸੱਤ ਵਾਰੀ ਸਿੱਖਾਂ ਦੇ ਆਮ ਕਤਲ-ਏ-ਆਮ ਦੇ ਹੁਕਮ ਤੇ ਦੋ ਵੱਡੇ ਘੱਲੂਘਾਰੇ ਹੋਏ। ਇਸ ਸ਼ਹੀਦੀਆਂ ਦੇ ਸਮੇਂ ਦੌਰਾਨ ਕਈ ਪ੍ਰੰਪਰਾਵਾਂ ਬਣੀਆਂ, ਜਿਵੇਂ ਸਿੰਘਾਂ ਦਾ ਕੇਸ ਖੋਲ੍ਹ ਕੇ ਸ੍ਰੀ ਦਰਬਾਰ ਸਾਹਿਬ ਸਰੋਵਰ ਵਿਚ ਇਸ਼ਨਾਨ ਕਰਨਾ ਆਦਿ। ਮਿਸਲਾਂ ਦੇ ਸਮੇਂ ਤੋਂ ਉਸ ਤੋਂ ਉਪਰੰਤ ਖ਼ਾਲਸਾ ਰਾਜ ਤਕ ਲੁਕਵੇਂ ਵਾਰ ਜਥੇਬੰਦਕ ਨਹੀਂ ਸਨ। ਅੰਗਰੇਜ਼ ਰਾਜ ਵੇਲੇ ਨਾਮਧਾਰੀਆਂ, ਰਾਧਾ ਸੁਆਮੀਆਂ ਦੇ ਗੁਰੂ ਡੰਮ ਨੇ ਅਤੇ ਈਸਾਈ, ਆਰੀਆ ਸਮਾਜੀ ਪ੍ਰਚਾਰਕਾਂ ਦੁਆਰਾ ਗੁਰਬਾਣੀ ਤੇ ਗੁਰੂ ਸਾਹਿਬਾਂ ਵਿਰੁੱਧ ਪ੍ਰਚਾਰ ਨੇ ਪੰਥਕ ਵਿਰੋਧ ਨੂੰ ਜਥੇਬੰਦਕ ਰੂਪ ਦਿੱਤਾ। ਸਮੇਂ-ਸਮੇਂ ਇਸਦਾ ਮੂੰਹ-ਮਹਾਂਦਰਾ ਬਦਲਦਾ ਜ਼ਰੂਰ ਰਿਹਾ ਪਰ ਵਾਰ ਅੱਗੇ ਨਾਲੋਂ ਤਿੱਖਾ ਹੀ ਹੋਇਆ।

ਆਜ਼ਾਦੀ ਤੋਂ ਬਾਅਦ ਸਿੱਖੀ ਸਰੂਪ ਨੂੰ ਵੀ 'ਹੁਣ ਇਸਦੀ ਲੋੜ ਨਹੀਂ' ਕਹਿ ਕੇ ਛੁਟਿਆਉਣ ਦਾ ਯਤਨ ਕੀਤਾ ਗਿਆ ਅਤੇ ਹਰ ਤਰੀਕੇ ਨਾਲ ਇਸ ਭਾਵਨਾ ਨੂੰ ਉਤਸ਼ਾਹਿਤ ਕੀਤਾ ਗਿਆ। ਸਾਕਾ ਨੀਲਾ ਤਾਰਾ, ਆਪਰੇਸ਼ਨ ਵੁੱਡ ਰੋਜ਼, ਨਵੰਬਰ 1984 ਦੇ ਕਤਲੇਆਮ ਨਾਲ ਸਿੱਖਾਂ ਨੂੰ ਮਾਨਸਿਕ ਤੌਰ ਦੇ ਨਾਲ-ਨਾਲ ਸਰੀਰਕ ਤੌਰ 'ਤੇ ਵੀ ਖ਼ਤਮ ਕੀਤਾ ਗਿਆ। ਇਹ ਅਹਿਸਾਸ ਕਰਾਇਆ ਗਿਆ ਕਿ ਤੁਹਾਡਾ ਇਹ ਸਰੂਪ ਬਰਦਾਸ਼ਤ ਨਹੀਂ।

ਸਾਕਾ ਨੀਲਾ ਤਾਰਾ ਦੇ ਸਮੇਂ ਸਰਕਾਰ ਦੀਆਂ ਏਜੰਸੀਆਂ ਨੇ ਕਈ ਬੰਦੇ ਬਾਹਰਲੇ ਦੇਸ਼ਾਂ ਵਿਚ ਵੀ ਆਪਦੇ ਪਿੱਠੂ ਭੇਜੇ । ਕਾਲਾ ਅਫ਼ਗਾਨਾ ਵੀ ਉਨ੍ਹਾਂ ਏਜੰਸੀਆਂ ਵਿਚੋਂ ਕਿਸੇ ਇਕ ਦਾ ਕਰਿੰਦਾ ਹੈ ਪਰ ਇਸਨੇ ਬਿਪਰਵਾਦ ਦੇ ਮਾਰੂ ਹਥਿਆਰਾਂ 'ਸਾਮ, ਦਾਮ, ਦੰਡ, ਭੇਦ' ਵਿਚੋਂ 'ਭੇਦ' ਦਾ ਤਰੀਕਾ ਅਪਣਾਇਆ ਜਿਸ ਵਿਚ ਉਹ ਕਾਮਯਾਬ ਰਿਹਾ ਤੇ ਨਤੀਜੇ ਵਜੋਂ ਸਿੱਖਾਂ ਵਿਚੋਂ ਹੀ ਇਕ ਧੜਾ ਉਸ ਦੀ ਹਮਾਇਤ 'ਤੇ ਖੜ੍ਹਾ ਹੈ।

ਕਾਲਾ ਅਫ਼ਗਾਨਾ ਨੇ ਆਪਣੇ ਪਹਿਲੇ ਭਾਗਾਂ ਵਿਚ ਗੁੜ ਵਿਚ ਲਪੇਟ ਕੇ ਥੋੜ੍ਹਾ-ਥੋੜ੍ਹਾ ਜ਼ਹਿਰ ਦਿੱਤਾ, ਜਦੋਂ ਉਸਨੇ ਵੇਖਿਆ ਕਿ ਇਹ ਪਚ ਗਿਆ ਹੈ ਫਿਰ ਉਸਨੇ ਥੋੜ੍ਹੀ-ਥੋੜ੍ਹੀ ਜ਼ਹਿਰ ਦੀ ਮਾਤਰਾ ਵਧਾਈ। ਉਸਨੇ ਸਿੱਖੀ ਦੀਆਂ ਮੁੱਢਲੀਆਂ ਪ੍ਰੰਪਰਾਵਾਂ ਨੂੰ ਹੀ ਸ਼ੱਕੀ ਬਣਾਉਣ ਦਾ ਯਤਨ ਕੀਤਾ ਹੈ। ਜਿਸ ਬਿਪਰਵਾਦ ਦਾ ਉਹ ਰੌਲਾ ਪਾ ਰਿਹਾ ਹੈ ਅਸਲ ਵਿਚ ਉਹ ਉਸੇ ਬਿਪਰਵਾਦ ਦੇ ਇਕ ਮੋਹਰੇ ਵਜੋਂ 'ਮੂੰਹ ਵਿਚ ਰਾਮ-ਰਾਮ ਬਗਲ ਮੇਂ ਛੁਰੀ' ਵਾਲੀ ਨੀਤੀ 'ਤੇ ਚੱਲ ਰਿਹਾ ਹੈ, ਜਿਸ ਸੰਬੰਧੀ ਅਸੀਂ ਇਸ ਹਥਲੇ ਲੇਖ ਅੰਦਰ ਕੁਝ ਕੁ ਵਿਚਾਰ ਕਰਾਂਗੇ। ਇਸ ਲੇਖ ਨੂੰ ਲਿਖਣ ਦਾ ਤਰੀਕਾ ਕਾਲਾ ਅਫ਼ਗਾਨਾ ਨੇ ਆਪਣੀ ਭੂਮਿਕਾ ਅੰਦਰ ਦੱਸਿਆ ਹੈ। ਪਹਿਲਾਂ ਪੰਥਕ ਪ੍ਰੰਪਰਾਵਾਂ ਬਾਰੇ ਕਿਵੇਂ ਪੰਥ ਵਿਰੋਧੀਆਂ ਨੇ ਦਿਆਨੰਦ ਲਿਖਤ ਸਤਿਆਰਥ ਪ੍ਰਕਾਸ਼, ਆਰ.ਐਸ.ਐਸ. ਵੱਲੋਂ ਛਾਪੀ ਰਜਿੰਦਰ ਸਿੰਘ ਨਿਰਾਲਾ ਲਿਖਤ 'ਹਮ ਹਿੰਦੂ ਹੈ' (ਹਿੰਦੀ), ਗੁਰਬਚਨ ਸਿੰਘ ਨਕਲੀ ਨਿਰੰਕਾਰੀ ਲਿਖਤ 'ਸੰਪੂਰਨ ਅਵਤਾਰ ਬਾਣੀ' ਵਿਚ ਕਿੰਤੂ ਕੀਤੇ ਹਨ। ਇਸੇ ਪੰਥ ਵਿਰੋਧੀ ਪਰੰਪਰਾ ਨੂੰ ਅੱਗੇ ਤੋਰਦੇ ਹੋਏ ਸ. ਕਾਲਾ ਅਫ਼ਗਾਨਾ ਜੀ ਨੇ ਮਿੱਠਾ ਜ਼ਹਿਰ ਦੇਣ ਦਾ ਜਿਵੇਂ ਯਤਨ ਕੀਤਾ ਹੈ ਅਤੇ ਆਪ ਹੀ ਕਈ ਗੱਲਾਂ ਸਵੈ-ਵਿਰੋਧੀ ਵੀ ਕੀਤੀਆਂ ਹਨ।

## ਅੰਮ੍ਰਿਤਸਰ ਬਾਰੇ

ਦਇਆਨੰਦ ਕਹਿੰਦਾ ਸੀ:

*ਉਸ ਤਾਲਾਬ ਕਾ ਨਾ ਮਾਤਰ ਅੰਮ੍ਰਿਤਸਰ ਹੈ।*
*ਜਬ ਕਭੀ ਜੰਗਲ ਹੋਗਾ ਤਬ ਉਸਕਾ ਜਲ ਅੱਛਾ ਹੋਗਾ।*
*ਇਸਸੇ ਉਸ ਕਾ ਨਾਮ ਅੰਮ੍ਰਿਤਸਰ ਧਰਾ ਹੋਗਾ।*
*ਜੋ ਅੰਮ੍ਰਿਤ ਹੋਤਾ ਤੋਂ ਪੁਰਾਣੀਓਂ ਕੇ ਮਾਨਨੇ ਕੇ ਤੁਲਿਆ ਕੋਈ ਕਿਉਂ ਮਰਤਾ*

*(ਸਤਿਆਰਥ ਪ੍ਰਕਾਸ਼, ਪੰਨਾ ੩੦੯)*

ਤੇ ਕਾਲਾ ਅਫ਼ਗਾਨਾ ਵੀ ਇਹੀ ਕਹਿੰਦਾ ਹੈ:

*ਗੁਰਬਾਣੀ ਵਿਚ ਪਰਮਾਤਮਾ ਦੇ ਨਾਮ ਨੂੰ ਅਥਵਾ ਸਤਿਗੁਰੂ ਨੂੰ ਅੰਮ੍ਰਿਤਸਰ ਫੁਰਮਾਨ ਕੀਤਾ ਹੈ। ਇਥੋਂ ਤਕ ਕਿ ਮਨੁੱਖਾ ਸਰੀਰ ਦੇ ਅੰਦਰ ਵੀ ਅੰਮ੍ਰਿਤਸਰ ਦੀ ਹੋਂਦ ਹੈ, ਪਰ ਪਾਣੀ ਦੇ ਭਰੇ ਕਿਸੇ ਸਰੋਵਰ ਨੂੰ, ਇੱਟਾਂ ਗਾਰੇ ਦੇ ਬਣੇ ਕਿਸੇ ਸ਼ਹਿਰ ਨੂੰ ਜਾਂ ਕਿਸੇ ਮੰਦਰ ਨੂੰ ਅਥਵਾ ਨਜ਼ਰ ਆਉਣ ਵਾਲੇ ਜਾਂ ਕਿਸੇ ਵੀ ਨਾਸਵੰਤ ਪਦਾਰਥ ਨੂੰ ਅੰਮ੍ਰਿਤਸਰ ਬਿਲਕੁਲ ਨਹੀਂ ਮੰਨਿਆ।*

*(ਬਿਪਰਨ ਕੀ ਰੀਤ, ਭਾਗ ਤੀਜਾ ਪੰਨਾ ੨੧੦))*

ਨਰਕਧਾਰੀ ਨੇ ਵੀ ਇਹੀ ਕਿਹਾ:

*ਗ੍ਰੰਥਾਂ ਤੋਂ ਨਾ ਪਾਈ ਸੋਝੀ*
*ਪੜ੍ਹ ਪੜ੍ਹ ਕੇ ਮੈਂ ਅੱਕ ਗਿਆ।*
*ਚਲ ਚਲ ਜਾਂ ਨਾ ਮੰਜ਼ਲ ਆਈ*
*ਆਖਰ ਤੇ ਮੈਂ ਥੱਕ ਗਿਆ।*
*ਸੇਵਾ ਤੇ ਅਰਦਾਸੇ ਕਰ ਕਰ*
*ਮਨ ਨਾ ਨਿਰਮਲ ਹੋ ਸਕਿਆ।*
*ਅੰਮ੍ਰਿਤਸਰ ਜਿਹੇ ਸਰ ਦਾ ਪਾਣੀ*
*ਮੈਲ ਨਾ ਦਿਲ ਦੀ ਧੋ ਸਕਿਆ।*
*ਤਰਨ ਤਾਰਨ ਵਿਚ ਲਾ ਲਾ ਤਾਰੀ*
*ਭਵ ਸਾਗਰ ਨਾ ਤਰ ਸਕਿਆ।*
*ਪੜ੍ਹ ਸੁਖਮਨੀ ਸੁਖ ਨਾ ਲੱਭਾ*
*ਜੀਅ ਨਾ ਮੇਰਾ ਠਰ ਸਕਿਆ।*
*ਕਰਮ ਧਰਮ 'ਚੋਂ ਰੱਬ ਨਾ ਲੱਭਾ*
*ਮਾਇਆ ਰਜ ਰਜ ਠਗਦੀ ਰਹੀ।*
*ਬਿਨ ਸੋਝੀ ਦੇ ਕਰਮ ਕਮਾ ਕੇ*
*ਹਉਮੈ ਦੀ ਅੱਗ ਵਧਦੀ ਰਹੀ।*
*ਰਾਮ ਮਿਲਣ ਦੀ ਖਾਹਸ਼ ਲੈ ਕੇ*
*ਪੁੱਛਿਆ ਸਾਧ ਫਕੀਰਾਂ ਨੂੰ।*
*ਸੰਤੋਖ ਗੁਰੂ ਅਵਤਾਰ ਨਾ ਲੱਧਾ*
*ਕੀਤਾ ਕਈ ਤਦਬੀਰਾਂ ਨੂੰ।*

*(ਸੰਪੂਰਨ ਅਵਤਾਰ ਬਾਣੀ, ਪੰਨਾ ੧੯੬, ਐਡੀਸ਼ਨ ਸਤੰਬਰ ੨੦੦੨)*

# ਸ੍ਰੀ ਗੁਰੂ ਗਰੰਥ ਸਾਹਿਬ ਬਾਰੇ

ਦਇਆਨੰਦ ਕਹਿੰਦਾ ਸੀ:

*ਮੂਰਤੀ ਪੂਜਾ ਤੋ ਨਹੀਂ ਕਰਤੇ ਕਿੰਤੂ ਉਸਸੇ ਵਿਸ਼ੇਸ਼ ਗਰੰਥ ਦੀ ਪੂਜਾ ਕਰਤੇ ਹੈਂ। ਕਿਆ ਯਹ ਮੂਰਤੀ ਪੂਜਾ ਨਹੀਂ ਹੈ? ਕਿਸੀ ਜੜ ਪਦਾਰਥ ਕੇ ਸਾਮਨੇ ਸਿਰ ਝੁਕਾਨਾ ਵਾ ਉਸਕੀ ਪੂਜਾ ਕਰਨੀ ਸਭ ਮੂਰਤੀ ਪੂਜਾ ਹੈ। ਯੈਸੇ ਮੂਰਤੀ ਵਾਲੋਂ ਨੇ ਆਪਣੀ ਦੁਕਾਨ ਜਮਾਕਰ ਜੀਵਿਕਾ ਠਾਡੀ ਕੀ ਹੈ ਵੈਸੇ ਇੰਨ ਲੋਗੋਂ ਨੇ ਭੀ ਕਰ ਲੀ ਹੈ। ਜੈਸੇ ਪੁਜਾਰੀ ਲੋਗ ਮੂਰਤੀ ਕਾ ਦਰਸ਼ਨ ਕਰਾਤੇ ਭੇਂਟ ਚੜ੍ਹਾਤੇ ਹੈ ਵੈਸੇ ਨਾਨਕ ਪੰਥੀ ਲੋਗ ਗ੍ਰੰਥ ਦੀ ਪੂਜਾ ਕਰਤੇ, ਕਰਾਤੇ, ਭੇਂਟ ਚੜ੍ਹਾਤੇ ਹੈਂ।*

*(ਸਤਿਆਰਥ ਪ੍ਰਕਾਸ਼, ਪੰਨਾ ੩੪੫)*

'ਹਮ ਹਿੰਦੂ ਹੈਂ' ਦਾ ਕਰਤਾ ਵੀ ਇਹੀ ਕਹਿੰਦਾ ਹੈ:

*ਜਿਸ ਤਰ੍ਹਾਂ ਹਿੰਦੂਆਂ ਵਿਚ ਮੂਰਤੀ ਪੂਜਾ ਕੀਤੀ ਜਾਂਦੀ ਹੈ ਠੀਕ ਉਸੇ ਤਰ੍ਹਾਂ ਸਿੱਖਾਂ ਵਿਚ ਗੁਰੂ ਗਰੰਥ ਸਾਹਿਬ ਦੀ ਪੂਜਾ ਅਰਚਨਾ ਕੀਤੀ ਜਾ ਰਹੀ ਹੈ। ਜਿਵੇਂ ਰੋਜ ਗੁਰਦੁਆਰੇ ਜਾਣਾ ਉਥੇ ਜਾ ਕੇ ਕਲਿਆਣ ਲਈ ਅਰਦਾਸ ਕਰਨੀ ਅਤੇ ਇਹ ਮੰਨਵਾ ਕਿ ਗੁਰਦੁਆਰੇ ਦੀ ਆਨ-ਸ਼ਾਨ ਲਈ ਸ਼ਹੀਦ ਹੋ ਜਾਣਾ ਸਿੱਖਾਂ ਦਾ ਧਰਮ ਹੈ ਆਦਿ। ਪਰੰਤੂ ਗੁਰਦੁਆਰਾ ਤਾਂ ਇਕ ਸੁੰਦਰ ਅਤੇ ਪਵਿੱਤਰ ਥਾਂ ਹੈ। ਚੇਤਨ ਪਦਾਰਥ ਨਹੀਂ ਹੈ। ਜੋ ਚੂਨਾ-ਇੱਟ ਆਦਿ ਜਲ ਪਦਾਰਥ ਆਮ ਮਕਾਨਾਂ ਵਿਚ ਲੱਗੇ ਹੁੰਦੇ ਹਨ, ਉਸ ਤਰ੍ਹਾਂ ਦੇ ਹੀ ਪਦਾਰਥ ਗੁਰਦੁਆਰੇ ਦੇ ਭਵਨ ਵਿਚ ਲੱਗੇ ਹੁੰਦੇ ਹਨ।*

*(ਹਮ ਹਿੰਦੂ ਹੈ, ਪੰਨਾ ੭੪)*

ਨਰਕਧਾਰੀ ਨੇ ਵੀ ਇਹੀ ਕਿਹਾ:

***ਕਈ ਜੁਗਾਂ ਦੇ ਚੱਕਰ ਖਾ ਖਾ***
***ਜਨਮ ਲਿਆ ਮਘਿਆਣੇ।***
***ਪਿਛਲੇ ਦੁੱਖ ਯਾਦ ਸੀ ਮੈਨੂੰ***
***ਹੈ ਸਨ ਹੋਸ਼ ਟਿਕਾਣੇ।***
***ਇਹ ਸੀ ਪਤਾ ਕਿ ਮਾਨੁਸ਼ ਦੇਹੀ***
***ਫਿਰ ਫਿਰ ਹੱਥ ਨਹੀਂ ਆਣੀ।***
***ਐਥੋਂ ਭੁੱਲੀ ਫੇਰ ਚੁਰਾਸੀ***
***ਪੈ ਜਾਸੀ ਭੁਗਤਾਣੀ।***
***ਘਰ ਵਿਚ ਹੈਸੀ ਗੁਰੂ ਗਰੰਥ***
***ਮੈਂ ਓਟ ਓਸ ਦੀ ਰੱਖੀ।***
***ਸਤਿਗੁਰ ਦੀ ਮੈਂ ਦੇਹੀ ਸਮਝਾਂ***
***ਬਹਿਣ ਨਾ ਦੇਵਾਂ ਮੱਖੀ।***
***ਇਹ ਨਾ ਪਤਾ ਕਿ ਸ਼ਬਦ ਗੁਰੂ ਏ***
***ਪੋਥੀ ਗੁਰ ਨਹੀਂ ਨਹੀਂ ਹੋਂਦੀ।***
***ਰਾਜ ਗੁਰੂ ਅਵਤਾਰ ਨਾ ਮਿਲਦਾ***
***ਸਾਰੀ ਉਮਰਾ ਰੋਂਦੀ।***

*(ਅਵਤਾਰ ਬਾਣੀ, ਪੰਨਾ ੨੨੫, ਐਡੀਸ਼ਨ ਸਤੰਬਰ ੨੦੦੨)*

ਕਾਲਾ ਅਫ਼ਗਾਨਾ ਜੀ ਵੀ ਇਹੀ ਫੁਰਮਾ ਰਹੇ ਹਨ:

ਗੁਰੂ ਗਰੰਥ ਸਾਹਿਬ ਨੂੰ ਦੇਵਤੇ  ਦੇ ਰੂਪ ਵਿਚ ਮੰਨ ਕੇ, ਬ੍ਰਾਹਮਣਾਂ ਵਾਂਗ ਹੀ ਉਸ ਅੱਗੇ ਪ੍ਰਸ਼ਾਦਿ ਦੇ ਥਾਲ ਰੱਖ ਕੇ ਭੋਗ ਲਾਉਣ ਲਈ ਅਰਦਾਸਾਂ ਕਰਨੀਆਂ, ਘਟੀਆ ਕਿਸਮ ਦੀ ਉਹੀ ਰੀਤ ਹੈ, ਜਿਸ ਦੇ ਆਸਰੇ ਬ੍ਰਾਹਮਣ ਮਾਸ-ਸ਼ਰਾਬ ਅਤੇ ਇਸਤਰੀਆਂ ਦਾ ਭੋਗੀ ਬਣ ਸਕਿਆ ਸੀ।

ਇਕ ਪਾਸੇ ਹਿੰਦੂ ਹੈ। ਉਹ ਪੱਥਰ, ਲਕੜੀ, ਮਿੱਟੀ ਆਦਿ ਦੀ ਮੂਰਤੀ ਆਪ ਬਣਾਉਂਦਾ ਹੈ ਜਾਂ ਬਣੀ ਬਣਾਈ ਖਰੀਦ ਲੈਂਦਾ ਹੈ ਅਤੇ ਉਸਦੀ ਪੂਜਾ ਕਰਦਾ ਹੈ। ਹਿੰਦੂ ਖੁਲ੍ਹ ਕੇ ਮੰਨਦਾ ਹੈ ਕਿ ਉਹ ਮੂਰਤੀ ਪੂਜਾ ਕਰਦਾ ਹੈ। ਏਧਰ ਸਿੱਖ ਨੇ ਵੀ ਆਪ ਹੀ ਇਕ ਆਕਾਰ ਤਿਆਰ ਕੀਤਾ ਹੁੰਦਾ ਹੈ ਅਤੇ ਉਸਦਾ ਨਾਮ ਗੁਰੂ ਗਰੰਥ ਸਾਹਿਬ ਜਾਪਦਾ ਹੈ। ਗੁਰੂ ਘਰ ਦੀ ਇਮਾਰਤ, ਥੜ੍ਹਾ, ਪਾਲਕੀ, ਚੰਦੋਆ, ਰੁਮਾਲੇ, ਪੀਹੜਾ ਆਦਿ ਸਭ ਕੁਝ ਆਪ ਬਣਾਉਂਦਾ ਹੈ। ਫਿਰ ਮੰਦਰ ਦੀ ਮੂਰਤੀ ਵਾਂਗ ਹੀ ਚੜਾਵੇ ਅਤੇ ਭੇਟਾ ਦੇ ਪਦਾਰਥ ਅਥਵਾ ਸਮੱਗਰੀ ਅਰਪਣ ਕਰਕੇ ਮੱਥਾ ਰਗੜਦਾ ਹੋਇਆ ਉਸਦੀ ਪੂਜਾ ਕਰਦਾ ਹੈ, ਥਾਲੀਆਂ ਸਜਾ ਕੇ ਆਰਤੀ ਕਰਦਾ ਹੈ, ਭਜਨਾਂ ਅਥਵਾਂ ਸ਼ਬਦਾਂ ਨੂੰ ਰਾਗਾਂ ਵਿਚ ਗਾ ਕੇ ਕੀਰਤਨ ਵੀ ਹਿੰਦੂਆਂ ਵਾਂਗ ਕਰਦਾ ਅਤੇ ਇਸਨੂੰ ਨਾਮ ਜਪਣਾ ਅਥਵਾ ਭਗਤੀ ਦਾ ਅੰਗ ਮੰਨਦਾ ਹੈ, ਭੋਜਨ ਦੇ ਥਾਲ ਭਰ ਕੇ ਆਪਣੇ ਗੁਰੂ ਦੇ ਅੱਗੇ ਰੱਖ ਕੇ ਮੰਦਰ ਦੀ ਮੂਰਤੀ ਵਾਂਗ ਗੁਰੂ ਗਰੰਥ ਸਾਹਿਬ ਦੀ ਸੇਵਾ ਵਿਚ ਭੋਗ ਲਾਉਣ ਲਈ ਬੇਨਤੀਆਂ ਵੀ ਮੰਦਰ ਦੇ ਪੁਜਾਰੀ ਵਾਂਗ ਹੀ ਕਰਦਾ ਹੈ, ਅਰਦਾਸ ਕਰਨ ਲੱਗਾ ਦਾਨ ਦੇ ਵੱਟੇ ਸੰਸਾਰੀ ਪਦਾਰਥਾਂ ਦੀ ਮੰਗ ਕਰਦਾ ਹੈ, ਸੁੱਖਣਾ ਕਰਦਾ ਹੈ, ਵੈਦਿਕ ਰੀਤੀ ਵਾਂਗ ਬਿਨਾਂ ਸਮਝਿਆਂ ਉਸਦੇ ਪਾਠ ਕਰਦਾ ਹੈ, ਮਾਇਆ ਦੀ ਉਗਰਾਹੀ ਲਈ ਮੰਗਤਿਆਂ ਵਾਂਗ ਗੁਰੂ ਦੇ ਅੱਗੇ ਗੋਲਕਾਂ ਰੱਖਦਾ ਹੈ, ਗੁਰੂ ਦੇ ਥੜ੍ਹੇ ਦੀਆਂ ਪਰਿਕਰਮਾ ਕਰਕੇ ਸਮਝਦਾ ਹੈ ਕਿ ਗੁਰੂ ਦੀ ਹਾਜ਼ਰੀ ਭਰ ਲਈ ਹੈ ਆਦਿ, ਸਭ ਕੁਝ ਉਹੀ ਹੋ ਰਿਹਾ ਹੈ ਜੋ ਆਦਿ ਕਾਲ ਤੋਂ ਬ੍ਰਾਹਮਣ ਨੇ ਪੱਥਰ ਦੀ ਮੂਰਤੀ ਅਥਵਾ ਮੰਦਰ ਨਾਲ ਜੋੜਿਆ ਸੀ। ਪਹਿਲੀ ਮਾੜੀ ਗੱਲ ਇਹ ਹੈ ਕਿ ਸਭ ਕੁਝ ਕਰਦਾ ਹੋਇਆ ਵੀ ਸਿੱਖ ਇਹ ਮੰਨਣ ਨੂੰ ਤਿਆਰ ਨਹੀਂ ਕਿ ਉਹ ਬੁੱਤ ਪ੍ਰਸਤਾਂ ਵਾਂਗ ਹੀ ਆਕਾਰ ਪੂਜਕ ਹੈ।

*(ਬਿਪਰਨ ਕੀ ਰੀਤ, ਭਾਗ ਪਹਿਲਾ, ਪੰਨਾ ੧੩੮-੧੩੯)*

# ਅਨੰਦ ਸੰਸਕਾਰ ਬਾਰੇ

ਆਰ.ਐਸ.ਐਸ. ਲਿਖਦੀ ਹੈ:

*ਪ੍ਰਸ਼ਨ ਇਹ ਹੈ ਕਿ ਅਨੰਦ ਵਿਆਹ ਕਰਨਾ ਗੁਰਬਾਣੀ ਦਾ ਵਿਚਾਰ ਪੂਰਵਕ ਅਧਿਐਨ ਕਰਦੇ ਹਾਂ ਤਾਂ ਇਹੋ ਜਿਹਾ ਇਕ ਵੀ ਗੁਰ ਪ੍ਰਮਾਣ ਨਹੀਂ ਮਿਲਦਾ ਜਿਸ ਤੋਂ ਅਨੰਦ ਵਿਆਹ ਦੀ ਰੀਤ ਸਿੱਧ ਹੋ ਸਕੇ।*

*ਲਾਵਾਂ ਬਾਣੀ ਕੇਵਲ ਪ੍ਰਮਾਰਥਿਕ ਹੈ, ਵਿਵਹਾਰਕ ਕਦੀ ਨਹੀਂ, ਪ੍ਰਮਾਰਥਿਕ ਬਾਣੀ ਨੂੰ ਵਿਵਹਾਰਕ ਵਿਆਹ ਵਿਚ ਪੜ੍ਹਨਾ ਕੀ ਗੁਰਬਾਣੀ ਦਾ ਅਪਮਾਨ ਨਹੀਂ ਹੈ?*

*(ਹਮ ਹਿੰਦੂ ਹੈਂ, ਪੰਨਾ ੧੧੧ ਅਤੇ ੧੧੫)*

ਕਾਲਾ ਅਫ਼ਗਾਨਾ ਜੀ ਵੀ ਇਹੀ ਫੁਰਮਾ ਰਹੇ ਹਨ:

*ਲਾਵਾਂ ਦੀ ਬਾਣੀ ਨੂੰ ਬਦੋ-ਬਦੀ ਖਿੱਚ-ਧੂਹ ਕੇ ਸੰਸਾਰੀ ਵਿਆਹ ਨਾਲ ਜੋੜਿਆ ਹੈ, ਉਂਜ ਇਸ ਪਾਵਨ ਬਾਣੀ ਵਿਚ ਵੀ ਜਗਿਆਸੂ ਨੂੰ ਪ੍ਰਮਾਤਮਾ ਨਾਲ ਇਕ-ਮਿਕ ਹੋਣ ਦੀ ਹੀ ਵਿਧੀ ਸਮਝਾਈ ਹੋਈ ਹੈ। ਸੋ ਕਾਕਾ-ਕਾਕੀ ਦੀ ਸ਼ਾਦੀ ਕਰਨ ਲਈ ਲਾਵਾਂ-ਗੁਰਬਾਣੀ  ਦੀ ਅਜਿਹੀ ਵਰਤੋਂ ਗੁਰੂ ਬਾਣੀ ਦੀ ਅਥਵਾ ਸ੍ਰੀ ਗੁਰੂ ਨਾਨਕ ਸਾਹਿਬ ਦੀ ਯਾਰ੍ਹਵੀਂ ਜੋਤਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਕਿਤੇ ਅਸੀਂ ਬੇਅਦਬੀ ਤਾਂ ਨਹੀਂ ਕਰ ਰਹੇ ਹੁੰਦੇ?*

*(ਬਿਪਰਨ ਕੀ ਰੀਤ, ਭਾਗ ਛੇਵਾਂ, ਪੰਨਾ ੭੧)*

'ਹਮ ਹਿੰਦੂ ਹੈ' ਕਿਤਾਬ ਵਿਚ ਰਜਿੰਦਰ ਸਿੰਘ ਨਿਰਾਲਾ ਆਪਣੀ ਭੂਮਿਕਾ ਵਿਚ ਹੀ ਦਸਵੇਂ ਪਾਤਸ਼ਾਹ ਵੱਲੋਂ 1699 ਈ. ਦੀ ਵਿਸਾਖੀ ਸਮੇਂ ਖ਼ਾਲਸਾ ਸਾਜਨਾ ਦੇ ਪ੍ਰਸੰਗ ਵਿਚ ਸਿਰਾਂ ਜਾਂ ਬਕਰਿਆਂ ਦੇ ਕੱਟਣ, ਕਿਹੜੀ-ਕਿਹੜੀ ਬਾਣੀ ਅੰਮ੍ਰਿਤ ਤਿਆਰ ਕਰਨ ਸਮੇਂ ਉਚਾਰੀ ਅਤੇ ਕਕਾਰਾਂ ਉੱਤੇ ਕਿੰਤੂ ਕਰਦਾ ਹੈ, ਫਿਰ ਉਹ ਸਾਰਾ ਜ਼ੋਰ ਇਸ ਗੱਲ 'ਤੇ ਲਗਾਉਂਦਾ ਹੈ ਕਿ ਗੁਰੂ ਦਾ ਸ਼ਬਦ, ਗੁਰੂ ਦੀ ਬਾਣੀ, ਗੁਰੂ ਦਾ ਨਾਮ ਹੀ ਅੰਮ੍ਰਿਤ ਹੈ।

**ਸ. ਕਾਲਾ ਅਫ਼ਗਾਨਾ ਵੀ ਬੜੇ ਸੂਖਮ ਤਰੀਕੇ ਨਾਲ ਅੰਮ੍ਰਿਤ ਦੀ ਮਰਿਆਦਾ 'ਤੇ ਕਿੰਤੂ ਕਰਦੇ ਹਨ। ਬਿਪਰਵਾਦ ਦਾ ਹਊਆ ਵਿਖਾ ਕੇ ਅੰਮ੍ਰਿਤ ਤਿਆਰ ਕਰਨ ਸਮੇਂ ਪੜ੍ਹੀਆਂ ਜਾਂਦੀਆਂ ਪੰਜਾਂ ਬਾਣੀਆਂ 'ਤੇ ਜਲੇਬੀ ਵਾਂਗ ਸ਼ਬਦ ਜਾਲ ਬੁਣ ਕੇ ਕਿੰਤੂ ਕਰ ਰਹੇ ਹਨ:**

*ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਉਸਦੇ ਛਕੇ ਜਾਣ ਨੂੰ ਪੰਥ ਲਈ ਬੜਾ ਜ਼ਰੂਰੀ ਘੋਸ਼ਿਤ ਕਰਨ ਤੋਂ ਸਿੱਧ ਹੁੰਦਾ ਹੈ ਕਿ ਅੰਮ੍ਰਿਤ ਤਿਆਰ ਕਰਨ ਸਮੇਂ ਪੜ੍ਹੀਆਂ ਗਈਆਂ ਬਾਣੀਆਂ ਬਾਕੀ ਗੁਰੂ ਬਾਣੀ ਨਾਲੋਂ ਘੱਟ ਮਹੱਤਤਾ ਵਾਲੀਆਂ ਨਹੀਂ ਸਨ। ਫਿਰ ਕੀ ਕਾਰਨ ਹੈ ਕਿ ਦਸਮੇਸ਼ ਜੀ ਨੇ ਉਹ ਤਿੰਨ ਬਾਣੀਆਂ (ਜਾਪ ਸਾਹਿਬ, ਸਵੱਈਏ, ਚੌਪਈ ਸਾਹਿਬ) ਗੁਰਿਆਈ ਦੇ ਕਾਬਿਲ ਨਾ ਸਮਝੀਆਂ? ਜਾਂ ਸੱਚ ਇਹ ਹੈ ਕਿ ਸਤਿਗੁਰਾਂ ਨੇ ਅੰਮ੍ਰਿਤ ਤਿਆਰ ਕਰਨ ਸਮੇਂ ਕੇਵਲ ਗੁਰੂ ਗਰੰਥ ਸਾਹਿਬ ਦੀ ਹੀ ਬਾਣੀ ਪੜ੍ਹੀ ਸੀ?*

*(ਬਿਪਰਨ ਕੀ ਰੀਤ, ਭਾਗ ਪੰਜਵਾਂ, ਪੰਨਾ ੨੧੦)*

ਇਕ ਪਾਸੇ ਸ. ਕਾਲਾ ਅਫ਼ਗਾਨਾ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਲਿਖਤ ਗੁਰਮਤਿ ਰਹਿਤ ਮਰਿਆਦਾ ਵਿਚ ਤੰਬੂ ਅੰਦਰ ਦਸਮ ਪਾਤਸ਼ਾਹ ਨੇ ਕੀ ਕੌਤਕ ਕੀਤਾ ਤੇ ਬੜੇ ਤਿੱਖੇ ਕਟਾਖ ਕਰਦਾ ਹੈ ਕਿ ਜਿਹੜੀ ਚੀਜ਼ ਗੁਪਤ ਸੀ ਉਸਦਾ ਗਿਆਨੀ ਜੀ (ਸੰਤਾਂ ਨੂੰ) ਕਿਵੇਂ ਪਤਾ ਲੱਗ ਗਿਆ? ਜਦਕਿ ਆਪ ਹੀ ਬਿਪਰਨ ਦੀ ਰੀਤ ਭਾਗ ਪੰਜਵਾਂ, ਪੰਨਾ 119 'ਤੇ ਲਿਖਦੇ ਹਨ ਕਿ *'ਤੰਬੂ ਅਥਵਾ ਕਨਾਤ ਦੇ ਦੂਜੇ ਪਾਸੇ ਲਿਜਾ ਕੇ ਪੰਜਾਂ ਨੂੰ ਸਵੱਛ ਪੁਸ਼ਾਕੇ ਪੁਆਏ, ਕਛਹਿਰਾ, ਕੜਾ, ਕੰਘਾ ਅਤੇ ਸ੍ਰੀ ਸਾਹਿਬ ਉਨ੍ਹਾਂ ਦੇ ਗਾਤਰੇ ਪੁਆਈ।'*

ਸ. ਕਾਲਾ ਅਫ਼ਗਾਨਾ ਨੂੰ ਇਹ ਵਿਸਥਾਰ ਕਿਵੇਂ ਪਤਾ ਲੱਗ ਗਿਆ? ਫਿਰ ਆਪ ਹੀ ਇਸੇ ਭਾਗ ਦੇ ਪੰਨਾ 126 'ਤੇ ਸਵੈ-ਵਿਰੋਧੀ ਗੱਲ ਲਿਖਦੇ ਹਨ *'ਤੰਬੂ ਅੰਦਰ ਕੀ ਹੋਇਆ ਸੀ? ਇਹ ਜਾਣਨ ਦੀ ਇੱਛਿਆ ਪੈਦਾ ਹੋਣੀ ਹੀ ਗੁਰੂ ਤੋਂ ਬੇਮੁਖਤਾ ਹੈ, ਆਪਣੇ ਪਿਆਰੇ ਸਤਿਗੁਰੂ ਜੀ ਤੋਂ ਬਗਾਵਤ ਹੈ।'*

ਜੇ ਇੰਨਾ ਸੋਚਣਾ ਹੀ ਗੁਰੂ ਤੋਂ ਬੇਮੁਖਤਾਈ ਹੈ ਤਾਂ ਫਿਰ ਆਪ ਜੀ ਨੇ ਇੰਨੇ ਪੰਨੇ ਸਿਰਫ਼ ਪੰਥ ਵਿਚ ਹੋਰ ਭੰਬਲਭੂਸੇ ਪੈਦਾ ਕਰਨ ਅਤੇ ਹੋਰ ਵਿਦਵਾਨਾਂ ਦੀ ਨਿੰਦਿਆ ਕਰਨ ਲਈ ਕਾਲੇ ਕੀਤੇ ਹਨ ਕਿ ਜਾਂ ਫਿਰ ਅੰਮ੍ਰਿਤ ਦੀ ਮਰਿਆਦਾ ਜਿਸ ਉੱਤੇ ਪਿਛਲੇ 300 ਸਾਲ ਅੰਦਰ ਸਿਵਾਏ ਪੰਥ ਵਿਰੋਧੀਆਂ ਤੋਂ ਕਿਸੇ ਸਿੱਖ ਨੇ ਕਿੰਤੂ ਨਹੀਂ ਕੀਤਾ ਸੀ, ਉਸ ਪਾਵਨ ਮਰਿਆਦਾ ਉੱਤੇ ਕਿੰਤੂ ਕਰਨ ਦਾ ਰਾਹ ਤਿਆਰ ਕੀਤਾ ਹੈ?

ਫਿਰ ਖੰਡੇ ਬਾਟੇ ਦੀ ਪਾਹੁਲ ਜਾਂ ਖੰਡੇ ਬਾਟੇ ਦੇ ਅੰਮ੍ਰਿਤ ਸੰਬੰਧੀ ਇਕ ਵੱਖਰਾ ਹੀ ਢਕਵੰਜ ਛੇੜ ਛੱਡਿਆ ਹੈ। ਅੱਗੇ ਪੰਥ ਵਿਚ ਮੂਲ-ਮੰਤਰ, ਰਾਗਮਾਲਾ ਦੇ ਥੋੜ੍ਹੇ ਵਿਵਾਦ ਹਨ ਜੋ ਆਪ ਜੀ ਦੀ ਕਸਰ ਰਹਿ ਗਈ ਸੀ? ਜਦਕਿ ਰਹਿਤਨਾਮਾ ਭਾਈ ਦੇਸਾ ਸਿੰਘ ਵਿਚ ਸਪੱਸ਼ਟ ਲਿਖਿਆ ਹੈ:

***ਪ੍ਰਥਮ ਰਹਿਤ ਯਹਿ ਜਾਨ, ਖੰਡੇ ਕੀ ਪਾਹੁਲ ਛਕੇ॥***<br>***ਸੋਈ ਸਿੰਘ ਪ੍ਰਧਾਨ,ਅਵਰ ਨ ਪਾਹੁਲ ਜੋ ਲਏ॥***<br>***ਪਾਂਚ ਸਿੰਘ ਅੰਮ੍ਰਿਤ ਜੋ ਦੇਵੈਂ,ਤਾਂ ਕੋ ਸਿਰ ਧਰ ਛਕ ਪੁਨ ਲੇਵੈ॥***<br>***ਪੁਨ ਮਿਲ ਪਾਂਚੋ ਰਹਿਤ ਜੋ ਭਾਖੈਂ,ਤਾਂ ਕੋ ਮਨ ਮੇਂ ਦ੍ਰਿੜ੍ਹ ਕਰ ਰਾਖੈ॥***

ਇਸ ਤੋਂ ਇਲਾਵਾ ਕਿਸੇ ਹੋਰ ਸਬੂਤ ਦੀ ਲੋੜ ਹੈ ਕਿ ਖੰਡੇ ਦੀ ਪਾਹੁਲ ਜਾਂ ਅੰਮ੍ਰਿਤ ਵਿਚ ਕੋਈ ਫਰਕ ਨਹੀਂ? ਇਹ ਸਿਰਫ਼ ਕਾਲਾ ਅਫ਼ਗਾਨਾ ਜਿਹੇ 'ਸਿਆਣਿਆਂ' ਦੀ ਦਿਮਾਗੀ ਕਸਰਤ ਤੋਂ ਇਲਾਵਾ ਕੁਝ ਨਹੀਂ। ਪਿਛਲੇ ਸਮੇਂ ਅੰਦਰ ਬਿਪਰਵਾਦ ਨੇ ਖੰਡੇ-ਬਾਟੇ ਦੇ ਅੰਮ੍ਰਿਤ ਦੀ ਮਹੱਤਤਾ ਨੂੰ ਘਟਾਉਣ ਲਈ ਕਈ ਯਤਨ ਕੀਤੇ ਹਨ। ਆਰ.ਐਸ.ਐਸ. ਵਾਲੇ ਆਪਣਾ 5000 ਸਾਲ ਦਾ ਇਤਿਹਾਸ ਦੁਬਾਰਾ ਲਿਖ ਰਹੇ ਹਨ। ਉਹ ਨਹੀਂ ਚਾਹੁੰਦੇ ਕਿ ਮੁਗਲ ਸਾਮਰਾਜ ਦਾ ਮੂੰਹ ਭੰਨਣ ਅਤੇ ਆਜ਼ਾਦੀ ਦੀ ਲੜਾਈ ਵਿਚ ਮੋਹਰੀ ਰੋਲ ਅਦਾ ਕਰਨ ਵਾਲੇ ਖ਼ਾਲਸਾ ਪੰਥ ਨੂੰ ਵੀ ਸੁਨਿਹਰੀ ਅੱਖਰਾਂ ਵਿਚ ਦਰਸਾਇਆ ਜਾਵੇ। ਉਨ੍ਹਾਂ ਨੇ ਆਪਣਾ ਤ੍ਰਿਸ਼ੂਲ ਦਾ ਅੰਮ੍ਰਿਤ ਤਿਆਰ ਕਰਨ ਦੀ ਕੋਸ਼ਿਸ਼ ਵੀ ਕੀਤੀ, ਪਰ ਸਫ਼ਲਤਾ ਨਾ ਮਿਲੀ। ਕਾਲਾ ਅਫ਼ਗਾਨਾ ਜੀ ਉਸ ਅਸਫ਼ਲਤਾ ਨੂੰ ਸਫ਼ਲਤਾ ਵਿਚ ਬਦਲਣ ਲਈ ਰਾਹ ਤਿਆਰ ਕਰ ਰਹੇ ਹਨ।

ਕਾਲਾ ਅਫ਼ਗਾਨਾ ਜੀ ਨੇ ਅਖੰਡ ਪਾਠ ਦੀ ਪ੍ਰੰਪਰਾ ਨੂੰ ਵੀ ਰੱਦ ਕਰਦਿਆਂ ਇਸ ਦਾ ਭਾਂਡਾ 18ਵੀਂ ਸਦੀ ਵਿਚ ਬੁੱਢੇ ਦਲ ਅੰਦਰ ਬਿਪਰਵਾਦੀਆਂ ਦੇ ਸਿਰ ਭੰਨਿਆਂ ਹੈ (ਬਿਪਰਨ ਕੀ ਰੀਤ, ਭਾਗ ਤੀਜਾ, ਪੰਨਾ 25)। ਜਦਕਿ ਇਤਿਹਾਸ ਅਨੁਸਾਰ ਅਖੰਡ ਪਾਠ ਦੀ ਪ੍ਰੰਪਰਾ ਉਸ ਬਿਖੜੇ ਸਮਿਆਂ ਅੰਦਰ, ਜਦੋਂ ਸਿੰਘਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ, ਸਮੇਂ ਸਿੰਘਾਂ ਦੇ ਗੁਰਬਾਣੀ ਪ੍ਰਤੀ ਅਥਾਹ ਪਿਆਰ ਤੇ ਸਤਿਕਾਰ ਵਿਚੋਂ ਪੈਦਾ ਹੋਈ ਸੀ। ਇਤਿਹਾਸ ਇਸ ਗੱਲ ਦਾ ਵੀ ਗਵਾਹ ਹੈ ਕਿ ਉਸ ਕਰੜੇ ਸਮੇਂ ਸਿੰਘਾਂ ਦਾ ਜੀਵਨ ਵੀ ਇੰਨਾ ਹੀ ਕਰੜਾ ਸੀ ਕਿ ਮੁਗ਼ਲ ਸਰਕਾਰ ਦੇ ਸੂਹੀਆਂ ਵੱਲੋਂ ਸਿੱਖੀ ਬਾਣਾ ਧਾਰ ਕੇ ਸਿੰਘਾਂ ਦੇ ਜਥਿਆਂ ਅੰਦਰ ਘੁਸਪੈਠ ਕਰਨ ਨੂੰ ਕਦੀ ਵੀ ਸਫ਼ਲਤਾ ਨਹੀਂ ਮਿਲੀ ਸੀ।

ਇਸ ਲੇਖਕ ਨੇ ਤੇ ਬਿਪਰ ਦੀ ਘੁਸਪੈਠ ਦਿਖਾ ਕੇ ੧੮ਵੀਂ ਸਦੀ ਦੇ ਉਨ੍ਹਾਂ ਸਿੰਘ ਸੂਰਬੀਰਾਂ ਦੇ ਜੀਵਨ ਨੂੰ ਭੇਖੀ ਸਾਬਤ ਕਰਨ ਦਾ ਕੋਝਾ ਯਤਨ ਕੀਤਾ ਹੈ।

ਕਾਲਾ ਅਫ਼ਗਾਨਾ ਜੀ ਨੂੰ ਇਹ ਵੀ ਚੁੱਭਦਾ ਹੈ ਕਿ ਸਿੱਖ ਕੌਮ ਆਪਣਾ ਜਨਮ ਦਿਨ ਕਿਉਂ ਮਨਾਉਂਦੀ ਹੈ? ਜਦਕਿ ਦੁਨੀਆਂ ਦੀ ਕੋਈ ਹੋਰ ਕੌਮ ਤਾਂ ਆਪਣਾ ਜਨਮ ਦਿਨ ਮਨਾਉਂਦੀ ਨਹੀਂ (ਬਿਪਰਨ ਕੀ ਰੀਤ, ਭਾਗ ਪੰਜਵਾ, ਪੰਨਾ 70)। ਖ਼ਾਲਸਾ ਪੰਥ ਦਾ ਸਾਜਨਾ ਦਿਨ ਆਪਣੇ ਆਪ ਵਿਚ ਦੁਨੀਆਂ ਦੇ ਇਤਿਹਾਸ ਦੀ ਇਕ ਵਿਲੱਖਣ ਘਟਨਾ ਹੈ। ਦੁਨੀਆਂ ਦੀ ਕੋਈ ਵੀ ਕੌਮ ਇਤਿਹਾਸਕ ਤੌਰ 'ਤੇ ਆਪਣਾ ਜਨਮ ਜਾਂ ਸਾਜਨਾ ਦਿਵਸ ਦਾ ਦਿਨ ਨਹੀਂ ਦੱਸ ਸਕਦੀ। ਸਿਰਫ ਤੇ ਸਿਰਫ ਸਿੱਖ ਕੌਮ ਨੂੰ ਹੀ ਇਹ ਮਾਣ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨੇ ਬਖ਼ਸ਼ਿਆ ਹੈ ਪਰ ਕਾਲਾ ਅਫ਼ਗਾਨਾ ਨੇ ਤਾਂ ਲੱਕ ਬੱਧਾ ਹੋਇਆ ਹੈ ਕਿ ਸਿੱਖ ਕੌਮ ਦੀ ਨਿੱਕੀ ਤੋਂ ਨਿੱਕੀ ਪ੍ਰੰਪਰਾ 'ਤੇ ਵੀ ਕਿੰਤੂ ਕਰਨ ਦੀ ਰੀਤ ਜ਼ਰੂਰ ਸ਼ੁਰੂ ਕਰਨੀ ਹੈ।

ਅੱਜ ਦੁਨੀਆਂ ਦੇ ਹਰ ਪ੍ਰਮੁੱਖ ਧਰਮ ਦਾ ਆਪਣਾ ਮੁੱਖ ਅਸਥਾਨ ਹੈ ਜਿਵੇਂ ਮੁਸਲਮਾਨਾਂ ਦਾ ਮੱਕਾ, ਈਸਾਈਆਂ ਦਾ ਵੈਟੀਕਨ, ਯਹੂਦੀਆਂ ਦਾ ਯੋਰੂਸਲਮ, ਸਿੱਖਾਂ ਦਾ ਸ੍ਰੀ ਦਰਬਾਰ ਸਾਹਿਬ। ਹਿੰਦੂਵਾਦੀ, ਜਿਨ੍ਹਾਂ ਦਾ ਆਪਣਾ ਕੋਈ ਪ੍ਰਮੁੱਖ ਸਥਾਨ ਨਹੀਂ ਅਤੇ ਜੋ ਅਯੁੱਧਿਆ ਨੂੰ ਧੱਕੇ ਨਾਲ ਇਹ ਸਥਾਨ ਬਣਾਉਣ ਦਾ ਯਤਨ ਕਰ ਰਹੇ ਹਨ, ਨੂੰ ਇਹ ਭਾਉਂਦਾ ਨਹੀਂ। ਉਹ ਇਸਨੂੰ ਸੁਧਾਸਰ ਆਦਿ ਦੱਸ ਕੇ ਇਸਦੇ ਮਹੱਤਵ ਨੂੰ ਘਟਾਉਣ ਦਾ ਯਤਨ ਕਰਦੇ ਹਨ।

ਕਾਲਾ ਅਫ਼ਗਾਨਾ ਜੀ ਨੇ ਵੀ ਆਪਣੀਆਂ ਲਿਖਤਾਂ ਰਾਹੀਂ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ, ਇਸ਼ਨਾਨ ਨੂੰ ਛੁਟਿਆਉਣ ਦਾ ਪੂਰਾ ਯਤਨ 'ਸੱਚ ਦੇ ਦਰਬਾਰ ਵਿਚ ਝੂਠ ਦੀ ਪੂਜਾ' ਸਿਰਲੇਖ ਹੇਠ ਬਿਪਰਨ ਕੀ ਰੀਤ ਦੇ ਤੀਜੇ ਭਾਗ ਵਿਚ ਕੀਤਾ ਹੈ।

ਜਦਕਿ ਅਸਲੀਅਤ ਇਹ ਹੈ ਕਿ ਨਾ ਤਾਂ ਸ੍ਰੀ ਦਰਬਾਰ ਸਾਹਿਬ ਅੰਦਰ ਜਲ ਦੀ ਪੂਜਾ ਹੀ ਹੁੰਦੀ ਹੈ ਅਤੇ ਨਾ ਹੀ ਆਮ ਸਿੱਖ ਬ੍ਰਾਹਮਣੀ ਤੀਰਥ ਸਥਾਨਾਂ ਵਾਂਗ ਉਸ ਭਾਵਨਾ ਤਹਿਤ ਉਥੇ ਇਸ਼ਨਾਨ ਹੀ ਕਰਦਾ ਹੈ। ਜਿਥੋਂ ਤਕ ਦੁਖਭੰਜਨੀ ਬੇਰੀ ਹੇਠਾਂ ਇਸ਼ਨਾਨ ਕਰਨ ਦੀ ਗੱਲ ਹੈ ਉਸ ਨਾਲ ਵੀ ਕਿਸੇ ਕਰਾਮਾਤ ਦੇ ਜੁੜੇ ਹੋਣ ਦਾ ਆਮ ਸਿੱਖ ਨੂੰ ਘੱਟ ਹੀ ਪਤਾ ਹੈ ਕਿਉਂਕਿ ਉਥੇ ਬੀਬੀਆਂ ਲਈ ਵੀ ਪੱਕਾ ਇਸ਼ਨਾਨ ਘਰ ਹੈ ਅਤੇ ਸਿੰਘਾਂ ਲਈ ਵੀ ਇਸ਼ਨਾਨ ਕਰਨ ਲਈ ਉਥੇ ਥੋੜ੍ਹਾ ਓਹਲਾ ਬਣ ਜਾਂਦਾ ਹੈ ਅਤੇ ਕੱਪੜੇ ਬਦਲਣ ਲਈ ਸਾਹਮਣੇ ਛੋਟਾ ਬਰਾਂਡਾ ਵੀ ਹੈ, ਜਿਸ ਕਰਕੇ ਪਰਿਵਾਰ ਸਮੇਤ ਬਹੁਤੇ ਸ਼ਰਧਾਲੂ ਉਥੇ ਹੀ ਇਸ਼ਨਾਨ ਕਰਦੇ ਹਨ ਜਦਕਿ ਇਕੱਲੇ-ਦੁਕੱਲੇ ਆਉਣ ਵਾਲੇ ਸਿੰਘ ਸਰੋਵਰ ਵਿਚ ਹੋਰ ਥਾਵਾਂ 'ਤੇ ਵੀ ਇਸ਼ਨਾਨ ਕਰਦੇ ਆਮ ਵੇਖੇ ਜਾਂਦੇ ਹਨ। ਪਿਛਲੇ ਦਿਨੀਂ ਅਲਫਾ ਟੀ.ਵੀ. ਵੱਲੋਂ ਇਸ ਦੁਖਭੰਜਨੀ ਬੇਰੀ ਲਾਗਿਉਂ ਹੀ ਸਿੱਖ ਨੌਜਵਾਨਾਂ ਨੂੰ ਦਸ ਗੁਰੂ ਸਾਹਿਬਾਨਾਂ ਦੇ ਨਾਮ ਪੁੱਛੇ ਤਾਂ ਉਹ ਕਿਸੇ ਨੂੰ ਨਹੀਂ ਆਏ ਤਾਂ ਫਿਰ ਇਹ ਰਜਨੀ ਵਾਲੀ ਕਹਾਣੀ ਕਿੰਨਿਆਂ ਨੂੰ ਯਾਦ ਹੋਵੇਗੀ?

ਜਦੋਂ ਵੀ ਆਮ ਸਿੱਖ ਸ਼ਰਧਾਲੂ ਚਿਰ ਬਾਅਦ ਸ੍ਰੀ ਦਰਬਾਰ ਸਾਹਿਬ ਜਾਂਦਾ ਹੈ ਤਾਂ ਉਸਦੀ ਕੋਸ਼ਿਸ਼ ਹੁੰਦੀ ਹੈ ਕਿ ਉਹ ਇਸ਼ਨਾਨ ਵੀ ਜ਼ਰੂਰ ਕਰੇ। ਇਹ ਵੀ ਇਕ ਉੱਚੀ ਸੁੱਚੀ ਭਾਵਨਾ ਹੈ ਜਿਸਦੀ ਉਡਾਰੀ ਕੁਤਰਕੀ ਵਿਦਵਾਨਾਂ ਦੀ ਸਮਝ ਤੋਂ ਪਰ੍ਹੇ ਹੈ। ਜਿਵੇਂ 20-25 ਸਾਲਾਂ ਤੋਂ ਮਿਸ਼ਨਰੀ ਵੀਰ ਮੱਸਿਆ, ਸੰਗਰਾਂਦ ਨੂੰ ਭੰਡਦੇ ਰਹੇ ਹਨ। ਉਹ ਕਿੰਨਿਆਂ ਕੁ ਲੋਕਾਂ ਨੂੰ ਇਨ੍ਹਾਂ ਦਿਨਾਂ 'ਤੇ ਗੁਰਦੁਆਰੇ ਜਾਣ ਤੋਂ ਹਟਾ ਸਕੇ ਹਨ? ਜਦਕਿ ਸਗੋਂ ਗੁਰੂ ਸਾਹਿਬਾਨਾਂ ਦੀ ਜੀਵਨ ਜਾਚ ਸਿੱਖ ਕੇ ਇਨ੍ਹਾਂ ਇਕੱਠਾਂ ਨੂੰ ਗੁਰਮਤਿ ਦੇ ਪ੍ਰਚਾਰ ਲਈ ਵੱਧ ਤੋਂ ਵੱਧ ਵਰਤਣ ਦਾ ਯਤਨ ਕਰਨਾ ਚਾਹੀਦਾ ਹੈ ਅਤੇ ਆਮ ਦਿਨਾਂ ਵਿਚ ਇੰਨਾ ਇਕੱਠ ਬਹੁਤ ਯਤਨ ਕਰਕੇ ਵੀ ਨਹੀਂ ਹੋ ਸਕਦਾ। ਇਨ੍ਹਾਂ ਦਿਨਾਂ 'ਤੇ ਉਹ ਬੰਦੇ ਵੀ ਗੁਰਦੁਆਰੇ ਆ ਜਾਂਦੇ ਹਨ, ਜਿਹੜੇ ਸਾਰਾ ਮਹੀਨਾ ਗੁਰੂ ਘਰ ਨਹੀਂ ਜਾਂਦੇ। ਸ੍ਰੀ ਦਰਬਾਰ ਸਾਹਿਬ ਮੱਥਾ ਟੇਕ ਕੇ ਹਰ ਕੋਈ ਸਰੋਵਰ ਵਿਚੋਂ ਜਲ ਦਾ ਚੂਲਾ ਲੈਂਦਾ ਹੈ, ਕਦੇ ਕਿਸੇ ਉਥੇ ਵਹਿਮ ਨਹੀਂ ਕੀਤਾ। ਕੀ ਇਹ ਸਾਰਾ ਕੁਝ ਗੁਰੂ ਅਨੁਸਾਰ ਨਹੀਂ? ਪਰ ਕਾਲਾ ਅਫ਼ਗਾਨਾ ਜੀ ਦੀ ਮਨਸ਼ਾ ਸ਼ਾਇਦ ਇਹ ਹੈ ਕਿ ਸਿੱਖਾਂ ਦੇ ਮਨਾਂ ਵਿਚ ਸ੍ਰੀ ਦਰਬਾਰ ਸਾਹਿਬ ਪ੍ਰਤੀ ਸਤਿਕਾਰ ਅਤੇ ਜਜ਼ਬਾ ਕਿਸੇ ਤਰੀਕੇ ਨਾਲ ਖ਼ਤਮ ਕੀਤਾ ਜਾਵੇ ਤਾਂ ਜੋ ਭਵਿੱਖ ਅੰਦਰ ਜੇਕਰ ਹਿੰਦੂ ਫਾਸ਼ੀਵਾਦੀ ਇਸ ਨੂੰ ਵੈਦਿਕ ਸਮੇਂ ਦਾ ਆਪਣਾ ਅਸਥਾਨ ਸਿਧ ਕਰਕੇ ਮੰਦਰ ਦਰਸਾਉਣਾ ਚਾਹੁਣ ਤਾਂ ਉਨ੍ਹਾਂ ਨੂੰ ਮੁਸ਼ਕਿਲ ਨਾ ਆਵੇ।

ਆਪ ਜੀ ਨੇ ਤਾਂ ਸਾਕਾ ਨੀਲਾ ਤਾਰਾ ਨੂੰ ਬਾਬਾ ਬੰਦਾ ਸਿੰਘ ਬਹਾਦਰ ਨਾਲ ਜੁੜੀ ਇਕ ਝੂਠੀ ਸਿੱਧ ਹੋ ਚੁੱਕੀ ਇਤਿਹਾਸਕ ਘਟਨਾ ਦਾ ਹਵਾਲਾ ਦੇ ਕੇ ਆਪਣੇ ਹੇਠਾਂ ਦਿੱਤੇ ਸ਼ਬਦਾਂ ਅਨੁਸਾਰ ਠੀਕ ਕਰਾਰ ਦੇ ਹੀ ਦਿੱਤਾ ਹੈ। *'ਬਾਬਾ ਬੰਦਾ ਸਿੰਘ ਬਹਾਦਰ ਨੇ ਵੀ ਸਢੌਰੇ ਦੀ ਜੰਗ ਸਮੇਂ ਉਸ ਮੰਦਰ ਅਤੇ ਮਸੀਤ ਨੂੰ ਅੱਗ ਲਾ ਹੀ ਦਿੱਤੀ ਸੀ, ਜਿਸ ਵਿਚ ਵੈਰੀ ਜਾ ਲੁਕਿਆ ਸੀ* (ਬਿਪਰਨ ਕੀ ਰੀਤ, ਭਾਗ ਪਹਿਲਾ, ਪੰਨਾ 220)।

ਆਪ ਜੀ ਨੂੰ ਗੁਰੂ ਸਾਹਿਬਾਨਾਂ ਦੇ ਜੀਵਨ ਨਾਲ ਜੁੜੀਆਂ ਕਰਾਮਾਤਾਂ ਦੀ ਬਿਪਰਵਾਦੀ ਕਹਾਣੀਆਂ ਹੀ ਨਜ਼ਰ ਆਉਂਦੀਆਂ ਹਨ। ਭਾਵੇਂ ਕਿ ਇਤਿਹਾਸਕ ਤੌਰ 'ਤੇ ਕਿਤੇ ਵੀ ਗੁਰੂ ਸਾਹਿਬਾਂ ਨੇ ਆਪਣੀ ਉਚਤਾ ਦਰਸਾਉਣ ਲਈ ਕਰਾਮਾਤ ਨਹੀਂ ਵਿਖਾਈ। ਅਚਨਚੇਤ ਹੀ ਉਸ ਅਕਾਲ ਪੁਰਖ ਦੀ ਰਜ਼ਾ ਅੰਦਰ ਉਹ ਵਾਪਰਦੀਆਂ ਸਨ। ਇਕ ਮੁਸਲਮਾਨ ਪਾਕਿਸਤਾਨੀ ਕਾਲਮ ਨਵੀਸ ਇਲਿਆਸ

ਘੁੰਮਣ ਨੇ 'ਅਜੀਤ' ਅਖ਼ਬਾਰ ਵਿਚ ਆਪਣੇ ਲੇਖਾਂ ਰਾਹੀਂ ਉਚੇਚੇ ਤੌਰ 'ਤੇ ਖੋਜ ਕਰਕੇ ਇਹ ਸਿੱਧ ਕੀਤਾ ਹੈ ਕਿ ਉਹ ਪੱਥਰ ਵੀ ਰਿੜਿਆ ਸੀ ਤੇ ਉਸ ਉੱਤੇ ਪੰਜਾ ਵੀ ਗੁਰੂ ਨਾਨਕ ਸਾਹਿਬ ਦਾ ਹੈ। ਪਰ ਜਦੋਂ ਕਿਸੇ ਨੇ ਸਹੁੰ ਖਾਧੀ ਹੋਵੇ ਕਿ ਬਿਪਰਨ ਕੀ ਰੀਤ ਤੋਂ ਝੂਠ ਦੇ ਮਾਰਗ ਦੀ ਯਾਤਰਾ ਸਫ਼ਲਤਾ ਸਹਿਤ ਕਰਨੀ ਹੈ ਤਾਂ ਫਿਰ ਸ਼ਰਮ ਕਾਹਦੀ।

ਆਪ ਜੀ ਨੂੰ ਸਮਝ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਪ੍ਰਤੀ ਅੱਜ ਵੀ ਸਿੱਖਾਂ ਵਿਚ ਸਮਰਪਿਤਾ ਦੀ ਭਾਵਨਾ ਹੈ ਅਤੇ ਆਪ ਜੀ ਦੀ ਝੂਠ ਦੇ ਮਾਰਗ ਦੀ ਦੌੜ ਨੂੰ ਜੇ ਰੋਕ ਲੱਗੀ ਤਾਂ ਉਥੋਂ ਹੀ ਲੱਗਣੀ ਹੈ ਤਾਂ ਕਿਉਂ ਨਾ ਆਪਾਂ ਪਹਿਲਾਂ ਹੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ਖਿਲਾਫ਼ ਲੇਖ ਲਿਖ-ਲਿਖ ਕੇ ਉਨ੍ਹਾਂ ਦੀ ਦਿਆਨਤਦਾਰੀ ਨੂੰ ਸ਼ੱਕੀ ਬਣ ਦੇਈਏ? ਭਾਵੇਂ ਕਿ ਉਨ੍ਹਾਂ ਜਥੇਦਾਰਾਂ ਨੇ ਆਪ ਵੀ ਕਈ ਕੰਮ ਸ਼ੱਕੀ ਹੀ ਕੀਤੇ ਹਨ। ਪਰ ਕਾਲਾ ਅਫ਼ਗਾਨਾ ਜੀ ਦੇ ਮਾਮਲੇ ਵਿਚ ਉਹ ਭਾਵੇਂ ਠੀਕ ਅਤੇ ਤੱਥਾਂ 'ਤੇ ਅਧਾਰਿਤ ਹੀ ਫੈਸਲਾ ਕਰਨ ਪਰ ਇਨ੍ਹਾਂ ਨੂੰ ਬਹਾਨਾ ਚਾਹੀਦਾ ਹੈ ਕਿ ਸਿੱਖਾਂ ਵਿਚ ਹੋਰ ਬਖੇੜੇ ਖੜ੍ਹੇ ਕੀਤੇ ਜਾਣ ਅਤੇ ਅਕਾਲ ਤਖ਼ਤ ਸਾਹਿਬ ਤੋਂ ਸਿੱਖਾਂ ਦਾ ਹੀ ਇਕ ਹਿੱਸਾ ਬਾਗੀ ਹੋ ਖਲੋਵੇ। ਪਰ ਹੋਵੇ ਵੀ ਸਾਰਾ ਸਿੱਖੀ ਦੇ ਨਾਂ 'ਤੇ। ਜੇ ਕਨੇਡਾ ਵਿਚ ਕਾਮਰੇਡੀ ਸੋਚ ਦੇ ਧਾਰਨੀ ਦੇ ਪਤਿਤ ਬੰਦੇ ਲਗਭਗ 65000 ਵੋਟਾਂ ਵਿਚ ਪੰਜਵਾ ਹਿੱਸਾ 18000 ਵੋਟਾਂ ਹੀ ਲੈ ਕੇ ਗੁਰਦੁਆਰੇ  ਦੀ ਪ੍ਰਧਾਨਗੀ ਸਾਂਭ ਲੈਣ ਪਰ ਉਹ ਸਿੱਖਾਂ ਦੇ ਨੁਮਾਇੰਦੇ ਹਨ, ਪਰ ਇਥੇ ਤਿੰਨ ਪ੍ਰਾਂਤਾਂ ਦੇ 50 ਲੱਖ ਸਿੱਖਾਂ ਵੱਲੋਂ ਚੁਣੇ ਨੁਮਾਇੰਦਿਆਂ ਵੱਲੋਂ ਬਣਾਇਆ ਜਥੇਦਾਰ ਨਾਮਨਜ਼ੂਰ। ਵਾਹ ਵਾਰੇ ਜਾਈਏ ਆਪ ਜੀ ਦੀਆਂ ਦਲੀਲਾਂ ਦੇ। ਅਖੇ ਸਰਬੱਤ ਖ਼ਾਲਸਾ ਵੱਲੋਂ ਥਾਪਿਆ ਜਥੇਦਾਰ ਹੀ ਮਨਜ਼ੂਰ ਹੋਵੇਗਾ, ਕਿਉਂਕਿ ਪਤਾ ਹੈ ਕਿ ਨਾ ਨੌਂ ਮਣ ਤੇਲ ਹੋਵੇਗਾ ਤੇ ਨਾ ਰਾਧਾ ਨੱਚੇਗੀ।

ਕਾਲਾ ਅਫ਼ਗਾਨਾ ਜੀ ਨੇ ਦਸਮ ਗ੍ਰੰਥ ਦੇ ਮਸਲੇ ਨੂੰ ਵੀ ਲੋੜੋਂ ਵਧ ਹਵਾ ਦੇ ਕੇ ਸਿੱਖਾਂ ਵਿਚ ਵਿਚਾਰਧਾਰਕ ਵਿੱਥਾਂ ਨੂੰ ਹੋਰ ਡੂੰਘਿਆਂ ਕਰਨ ਵਿਚ ਕਸਰ ਨਹੀਂ ਛੱਡੀ। ਇਸ ਮਸਲੇ ਵਿਚ ਵੀ ਆਪ ਜੀ ਨੇ ਇਕ ਤੀਰ ਨਾਲ ਕਈ ਨਿਸ਼ਾਨੇ ਫੁੰਡਣ ਦਾ ਪੂਰਾ ਜ਼ੋਰ ਲਾਇਆ ਹੈ। ਨਾਲੇ ਬਿਪਰਵਾਦ ਦਾ ਰੌਲਾ ਪਾਉ ਤੇ ਨਾਲੇ ਅੰਮ੍ਰਿਤ ਦੀਆਂ ਤਿੰਨ ਬਾਣੀਆਂ ਸ਼ੱਕੀ ਬਣਾਉ। ਇਸਦੇ ਨਾਲ ਅਰਦਾਸ ਦਾ ਭੋਗ ਵੀ ਆਪ ਹੀ ਪੈ ਜਾਵੇਗਾ। ਅੰਮ੍ਰਿਤ ਦੀਆਂ ਜਦੋਂ ਬਾਣੀਆਂ ਹੀ ਸ਼ੱਕੀ ਹੋ ਗਈਆਂ ਤਾਂ ਅੰਮ੍ਰਿਤ ਮਰਿਆਦਾ ਕਿਥੇ ਰਹਿ ਜਾਵੇਗੀ? ਅਤੇ ਨਾਲ ਹੀ ਨਿਤਨੇਮ ਤੇ ਅਰਦਾਸ ਨਾਲ ਜੁੜਿਆ ਸਾਰਾ ਸਿੱਖ ਜਗਤ ਆਪੇ ਖਖੜੀਆਂ ਵਾਂਗ ਖਿਲਰ ਜਾਵੇਗਾ। ਜੇ ਇਸ ਨਿਸ਼ਾਨੇ ਤੋਂ ਬਚ ਗਏ ਤਾਂ ਘੱਟੋ-ਘੱਟ ਦਸਮ ਗ੍ਰੰਥ ਨੂੰ ਗੁਰੂ ਕ੍ਰਿਤ ਮੰਨਣ ਵਾਲਿਆਂ ਨੂੰ ਤੇ ਨਿਹੰਗ ਸਿੰਘ ਬਾਣੇ ਦੇ ਧਾਰਨੀਆਂ ਨੂੰ ਵੀ ਵੈਰੀ ਸਿੱਧ ਕਰ ਦਿਉ (ਬਿਪਰਨ ਕੀ ਰੀਤ, ਭਾਗ ਤੀਜਾ, ਪੰਨਾ 135)।

ਸਿੱਖ ਵੀ ਆਪੇ ਸ਼ੀਆਂ-ਸੁੰਨੀਆਂ ਜਾਂ ਕੈਥੋਲਿਕ ਪ੍ਰੋਟੈਸਟੈਂਟਾ ਵਾਂਗ ਇਕ ਦੂਜੇ ਦੇ ਆਹੂ ਲਾਹੁੰਦੇ ਰਹਿਣਗੇ ਅਤੇ ਇਸ ਤਰ੍ਹਾਂ ਜਦੋਂ ਬਿੱਲੀਆਂ ਲੜਨਗੀਆਂ ਤਾਂ ਬਾਂਦਰ ਨੂੰ ਵੀ ਸਲਾਹਾਂ ਦੇਣ ਦੇ ਮੌਕੇ ਮਿਲਦੇ ਰਹਿਣਗੇ। ਕਿਉਂਕਿ ਇਨ੍ਹਾਂ ਦੇ ਭਾਈਬੰਦ ਨਿਰੰਕਾਰੀਆਂ, ਭਨਿਆਰੀਆਂ ਤੇ ਨੂਰਮਹਿਲੀਆਂ ਨੇ ਮੂਰਖ ਸਿੱਖਾਂ ਨੂੰ ਹੀ ਸੇਧ ਦੇਣ ਦਾ ਯਤਨ ਕਰਨਾ ਹੈ ਅਤੇ ਸਿੱਖਾਂ ਨੇ ਉਨ੍ਹਾਂ ਦੇ ਗਲ਼ ਪੈਣਾ ਹੈ ਤਾਂ ਆਪ ਜਿਹਿਆਂ ਨੂੰ ਮੱਤਾਂ ਦੇਣ ਦੀ ਲੋੜ ਬਣੀ ਹੀ ਰਹਿਣੀ ਹੈ।

ਆਪ ਲਿਖਦੇ ਹਨ:

*"ਕਈਆਂ ਨੇ ਆਪਣੀ ਗੱਦੀ ਸੰਤ-ਡੇਰੇ ਤੋਂ ਅਗਾਂਹ ਟਪਾ ਲਈ। ਉਹ ਗੁਰੂ ਵੀ ਆਪ ਹੀ ਬਣ ਬੈਠੇ। ਸੰਤ-ਭੇਖ ਵਾਲੇ ਡੇਰੇਦਾਰ ਅਜਿਹੇ ਭੇਖੀ-ਗੁਰੂ ਨੂੰ ਆਪਣੇ ਨਾਲੋਂ ਅੱਗੇ ਲੰਘ ਗਿਆ ਵੇਖ ਕੇ ਸਹਾਰ ਨਾ ਸਕੇ ਅਤੇ ਸਾੜੇ ਕਾਰਨ ਉਨ੍ਹਾਂ ਦੇ ਦੁਸ਼ਮਣ ਬਣ ਗਏ। ਕਦੇ ਭੇਖੀ ਵੀ ਕਿਸੇ ਪ੍ਰਚਾਰ ਦਾ ਉੱਤਰ ਪ੍ਰਚਾਰ ਨਾਲ ਦੇਣ ਜੋਗੇ ਹੋਏ ਹਨ? ਦਲੀਲ ਨਾਲ ਗੁਰੂ-ਬਾਣੀ ਪ੍ਰਮਾਣਾਂ ਦੇ ਸਹਾਰੇ ਕਿਸੇ ਵੀ ਤਸੱਲੀ ਕਰਵਾਉਣ ਦੀ ਕੀ ਲੋੜ ਹੈ? ਫੜ ਲਉ ਬੰਦੂਕਾਂ ਤੇ ਉਜਾੜ ਦਿਉ ਵਸਦੇ ਘਰਾਂ ਨੂੰ। ਹਜ਼ਾਰਾਂ ਸਾਲਾਂ ਤੋਂ ਇਨ੍ਹਾਂ ਭੇਖੀਆਂ ਦੀ ਲੜਾਈ ਨੇ ਕਈ ਜ਼ੁਲਮੀ ਕਾਰੇ ਕਰਵਾਏ ਅਤੇ ਅਜੇ ਪਤਾ ਨਹੀਂ ਕੀ ਵਾਪਰਨਾ ਹੈ। ਭੇਖੀਆਂ ਨੇ ਗੁਰਮਤਿ ਸਿਧਾਂਤ ਦੀ ਖੰਡਨਾ ਕਰਨ ਵਿਚ ਜ਼ਰਾ ਕਸਰ ਨਾ ਰੱਖੀ।"*

*(ਬਿਪਰਨ ਕੀ ਰੀਤ, ਭਾਗ ਦੂਜਾ, ਪੰਨਾ ੨੧੯)*

ਆਪ ਜੀ ਦੀ ਦਲੀਲ ਅਨੁਸਾਰ ਕਿ ਨਿਰੰਕਾਰੀਆਂ ਦੀ ਗੱਦੀ ਟਕਸਾਲ ਅਤੇ ਅਖੰਡ ਕੀਰਤਨੀ ਜਥੇ ਤੋਂ ਅਗਾਂਹ ਲੰਘ ਗਈ ਸੀ, ਉਸ ਵੇਲੇ ਨਾ ਤਾਂ ਸੰਤ ਜਰਨੈਲ ਸਿੰਘ ਤੇ ਨਾ ਹੀ ਭਾਈ ਫੌਜਾ ਸਿੰਘ ਜਾਂ ਕੋਈ ਹੋਰ ਭੇਖੀ ਸਿੱਖ ਦਲੀਲ ਨਾਲ ਗੁਰਬਚਨ ਸਿੰਘ ਨਿਰੰਕਾਰੀ ਦੀ ਤਸੱਲੀ ਕਰਵਾ ਸਕਿਆ।

ਪਰ ਚਲੋ ਹੁਣ ਤੁਸੀਂ ਤਾਂ ਸਮਝੇ ਹੋ ਤੇ ਗੁਰਮਤਿ ਦੇ ਸੂਰੇ ਪੈਦਾ ਹੋ ਗਏ ਹੋ। ਆਪ ਕਿਉ ਨਹੀਂ ਪੰਜਾਬ ਆ ਕੇ ਆਸ਼ੂਤੋਸ਼ ਨੂਰਮਹਿਲੀਏ, ਭਨਿਆਰੇ ਵਾਲੇ ਅਤੇ ਆਰ.ਐਸ.ਐਸ. ਮੁਖੀ ਕੇ. ਸੁਦਰਸ਼ਨ ਨੂੰ ਦਲੀਲ ਨਾਲ ਸਮਝਾਉਂਦੇ? ਜੇ ਭਾਰਤ ਆਉਂਦਿਆਂ ਪੁਲੀਸ ਨੇ ਦਿੱਲੀ ਗ੍ਰਿਫ਼ਤਾਰ ਕਰ ਵੀ ਲਿਆ ਤਾਂ ਰਿਸ਼ਵਤ ਕਾਂਡ ਜਿਸ ਕੇਸ ਵਿਚ ਆਪ ਜੀ ਜ਼ਮਾਨਤ 'ਤੇ ਭਗੌੜੇ ਹੋਏ ਸੀ, ਉਸ ਦੀ ਦੁਬਾਰਾ ਚੰਗੇ ਬੰਦਿਆਂ ਦੀ ਜ਼ਾਮਨੀ ਪੁਆ ਕੇ ਤੇ ਅਦਾਲਤੀ ਪੈਸੇ ਭਰ ਕੇ ਆਪ ਜੀ ਨੂੰ ਛੁਡਾ ਲਵਾਂਗੇ। ਘੱਟੋ-ਘੱਟ ਹਜ਼ਾਰਾਂ ਹੋਰ ਘਰ ਤਾਂ ਉਜੜਨੋਂ ਬਚ ਜਾਣਗੇ। ਕਿਉਂਕਿ ਜੇ ਆਪ ਜੀ ਨੇ ਇਹ ਕਸ਼ਟ ਨਾ ਕੀਤਾ ਤਾਂ ਫਿਰ ਤੁਹਾਡੇ ਅਨੁਸਾਰ ਕਿਤੇ ਟਕਸਾਲ ਜਾਂ ਅਖੰਡ ਕੀਰਤਨੀ ਜਥਾ ਸਿੱਖਾਂ ਨੂੰ ਮਰਵਾ ਹੀ ਨਾ ਦੇਵੇ। ਪਰ ਫਿਰ ਵੀ 'ਕੋਈ ਹਰਿਉ ਬੂਟ ਰਹਿਉ ਰੀ' ਵਾਲੀ ਗੱਲ ਨਾ ਹੋ ਜਾਵੇ। ਇਸੇ ਕਰਕੇ ਆਪ ਜੀ ਨੇ ਵੀ ਆਪਣੀਆਂ ਕਿਤਾਬਾਂ ਵਿਚ 'ਦਲੀਲਾਂ' ਸਹਿਤ ਇਨ੍ਹਾਂ ਦੋਹਾਂ ਸੰਸਥਾਵਾਂ ਅਤੇ ਇਨ੍ਹਾਂ ਦੇ ਸਾਬਕਾ ਮੁਖੀਆਂ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਅਤੇ ਭਾਈ ਰਣਧੀਰ ਸਿੰਘ ਜੀ ਵਿਰੁੱਧ ਲਿਖਣ ਵਿਚ ਕੋਈ ਕਸਰ ਨਹੀਂ ਛੱਡੀ, ਕਿਉਂਕਿ ਆਪ ਜੀ ਅਨੁਸਾਰ ਇਨ੍ਹਾਂ ਦੋਹਾਂ ਸ਼ਖ਼ਸੀਅਤਾਂ ਨੇ ਸਿਵਾਏ ਸਿੱਖ ਕੌਮ ਨੂੰ ਔਝੜੇ ਰਾਹ 'ਤੇ ਪਾਉਣ ਦੇ ਹੋਰ ਕੋਈ ਕੰਮ ਸਾਰੀ ਉਮਰ ਹੀ ਨਹੀਂ ਕੀਤਾ। ਇਸ ਕਰਕੇ ਆਪ ਜੀ ਨੇ ਆਪਣੇ ਛੇਵੇਂ ਭਾਗ ਦੇ ਪਹਿਲੇ ਕਾਂਡ ਅੰਦਰ ਦੱਸੇ ਆਪਣੇ ਮਿੱਠੇ ਬੋਲਣ, ਨਿਵ ਚੱਲਣ ਦੇ ਸਿਧਾਂਤ 'ਤੇ ਚੱਲਦਿਆਂ 'ਮਾਸੁ ਮਾਸੁ ਕਰਿ ਮੂਰਖ ਝਗੜੇ' ਵਿਚ ਇਨ੍ਹਾਂ ਸਖ਼ਸ਼ੀਅਤਾਂ ਲਈ ਬੜੇ 'ਸ਼ੋਭਨੀਕ' ਅਲੰਕਾਰ ਵਰਤੇ ਹਨ। ਆਪ ਜਿਹੇ ਸੂਝਵਾਨ ਵਿਦਵਾਨ ਤੋਂ ਇਸੇ ਦੀ ਹੀ ਆਸ਼ਾ ਕਰਨੀ ਚਾਹੀਦੀ ਹੈ।

ਸੋ ਆਪ ਜੀ ਨੂੰ ਸਨਿਮਰ ਬੇਨਤੀ ਹੈ ਕਿ ਹਜ਼ਾਰਾਂ ਘਰਾਂ ਦੇ ਭਵਿੱਖ ਵਿਚ ਹੋਣ ਵਾਲੇ ਉਜਾੜੇ ਨੂੰ ਰੋਕਣ ਲਈ ਆਪ ਜੀ ਨੂੰ ਫੌਰਨ ਪੰਜਾਬ ਆ ਜਾਣਾ ਚਾਹੀਦਾ ਹੈ। ਆਪ ਜਿਹੇ ਆਗੂ ਦੀ ਅੱਜ ਕੌਮ ਨੂੰ ਬਹੁਤ ਲੋੜ ਹੈ। ਹੁਣ ਸਿਰਫ਼ ਆਪ ਜੀ ਹੀ ਕੌਮ ਨੂੰ ਬਚਾ ਸਕਦੇ ਹੋ।

ਆਪ ਜੀ ਦੀ ਹਰ ਦਲੀਲ ਗੁਰਬਾਣੀ ਦੇ ਪੰਜ ਪ੍ਰਮਾਣਾਂ ਨਾਲ ਸ਼ਿੰਗਾਰੀ ਹੁੰਦੀ ਹੈ ਪਰ ਅਜੇ ਤਕ ਇਸ ਲੇਖ ਵਿਚ ਕਿਤੇ ਕੋਈ ਗੁਰਬਾਣੀ ਪ੍ਰਮਾਣ ਵਰਤਿਆ ਹੀ ਨਹੀਂ। ਪਰ ਕੀ ਕਰੀਏ ਕਾਲਾ ਅਫ਼ਗਾਨਾ ਜੀ, ਜਿਵੇਂ ਕਈ ਗੱਲਾਂ ਆਪ ਜੀ ਦਾ ਮਨ ਨਹੀਂ ਮੰਨਦਾ, ਸਾਡਾ ਵੀ ਨਹੀਂ ਮੰਨਦਾ। ਆਪ ਜੀ ਦੇ ਸੰਗੀ-ਸਾਥੀ ਜਾਂ ਸ਼ਾਇਦ ਗੁਰ-ਭਾਈ ਰਜਿੰਦਰ ਸਿੰਘ ਨਿਰਾਲਾ ਜੀ ਨੇ ਵੀ ਆਪਣੀ ਕਿਤਾਬ 'ਹਮ ਹਿੰਦੂ ਹੈ' ਵਿਚ ਆਪਣੀ ਹਰ ਦਲੀਲ ਨੂੰ ਗੁਰਬਾਣੀ ਦੇ ਪ੍ਰਮਾਣਾਂ ਨਾਲ ਸ਼ਿੰਗਾਰਿਆ ਹੈ। ਉਹ ਵੀ ਇਹ ਸ਼ਰਤ ਰੱਖਦੇ ਹਨ ਕਿ ਮੇਰੀ ਗੱਲ ਗ਼ਲਤ ਸਿੱਧ ਕਰਨ ਲਈ ਘੱਟੋ-ਘੱਟ ਪੰਜ ਗੁਰਬਾਣੀ ਦੇ ਪ੍ਰਮਾਣ ਜ਼ਰੂਰ ਹੋਣੇ ਚਾਹੀਦੇ ਹਨ। ਪਰ ਕੀ ਕਰੀਏ ਮਨ ਖੁਟਹਰ ਨਾ ਆਪ ਜੀ ਦੀਆਂ ਦਲੀਲਾਂ ਨਾਲ ਸਹਿਮਤ ਹੈ ਤੇ ਨਾ ਨਿਰਾਲੇ ਦੀਆਂ ਨਾਲ।

ਪਰ ਆਪ ਜੀ ਲਈ ਇਕ ਗੱਲ ਆਸ਼ਾਵਾਦੀ ਹੈ ਕਿ ਰਜਿੰਦਰ ਸਿੰਘ ਨਿਰਾਲਾ ਤਾਂ ਇਕੱਲਾ ਸੀ, ਮਰ ਗਿਆ ਤੇ ਕੰਮ ਮੁੱਕ ਗਿਆ। ਪਰ ਆਪ ਜੀ ਦੇ ਹੋਰ ਵੀ ਸੰਗੀ-ਸਾਥੀ ਹਨ ਜਿਵੇਂ ਆਪ ਜੀ ਨੇ ਭਾਗ ਚੌਥਾ ਵਿਚ ਪੰਨਾ 309 'ਤੇ *'ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਜੀ ਦੀ ਸੇਵਾ ਵਿਚ'* ਚਿੱਠੀ ਵਿਚ ਜ਼ਿਕਰ ਕੀਤਾ ਹੈ। ਉਹ ਸੰਗੀ ਸਾਥੀ ਆਪ ਜੀ ਦੇ ਰਹਿੰਦੇ ਕੰਮ ਜਿਵੇਂ ਕਿ ਭਾਈ ਨੰਦ ਲਾਲ ਅਤੇ ਗੁਰਬਾਣੀ ਦੀ ਕੁੰਜੀ ਭਾਈ ਗੁਰਦਾਸ ਦੀ ਬਾਣੀ ਨੂੰ ਵੀ ਦਸਮ ਗਰੰਥ ਵਾਂਗ ਸ਼ੰਕਿਆਂ ਦੇ ਘੇਰੇ ਅੰਦਰ ਲਿਆਉਣਗੇ, ਜਿਸ ਸੰਬੰਧੀ ਆਪ ਜੀ ਨੇ ਟੂਕ ਮਾਤਰ ਭਾਗ ਦੂਜਾ ਦੇ ਪੰਨਾ 144 'ਤੇ ਜ਼ਿਕਰ ਕਰ ਹੀ ਦਿੱਤਾ ਹੈ। ਇਸ ਤੋਂ ਉਪਰੰਤ ਜਿਵੇਂ ਆਪ ਜੀ ਨੇ ਭਾਗ ਪਹਿਲਾ ਦੇ ਪੰਨਾ 17 'ਤੇ ਜ਼ਿਕਰ ਕੀਤਾ ਹੈ *"ਗੁਰ-ਸ਼ਬਦ ਅਰਥ ਵਿਚਾਰ ਤੋਂ ਗੁਰਦੇਵ ਜੀ ਦੇ 'ਨਿਆਰੇ ਸਿਧਾਂਤ' ਅਤੇ 'ਬਿਪਰਨ ਕੀ ਰੀਤ' ਦਾ ਭੇਦ ਵੇਰਵੇ ਨਾਲ ਸਮਝਣ ਵਿਚ ਪੂਰੀ ਸਫ਼ਲਤਾ ਨਾ ਮਿਲੀ। ਫਿਰ ਅੰਦਰੋਂ ਹੀ ਆਵਾਜ਼ ਆਈ ਕਿ ਬ੍ਰਾਹਮਣੀ ਗ੍ਰੰਥ ਵੀ ਪੜ੍ਹੇ ਜਾਣੇ ਚਾਹੀਦੇ ਹਨ"* ਅਤੇ ਇਸੇ ਹੀ ਪੰਨਾ 19 'ਤੇ ਜ਼ਿਕਰ ਹੈ *"ਗੁਰਬਾਣੀ ਵਿਚ ਅਜਿਹੇ ਪਾਵਨ ਸ਼ਬਦ ਕਈ ਹਨ, ਜਿਨ੍ਹਾਂ ਵਿਚ ਪ੍ਰਭੂ ਦਾ ਮਿਲਾਪ ਹੋ ਸਕਣ ਦਾ ਵਿਸ਼ਵਾਸ ਤਾਂ ਬੜੇ ਸਪੱਸ਼ਟ ਸ਼ਬਦਾਂ ਵਿਚ ਹੈ ਪਰ ਪਰਮਾਤਮਾ ਦੇ ਨਾਮ ਦਾ ਜਾਪ ਜਾਂ ਸਿਮਰਨ ਕਰਨ ਦੇ ਕਿਸੇ ਵਿਧੀ-ਵਿਧਾਨ ਆਦਿ ਦਾ ਇੱਕ ਅੱਖਰ ਵੀ ਨਹੀਂ।"*

ਸ਼ਾਇਦ ਆਪ ਜੀ ਨੇ ਜਾਂ ਆਪ ਜੀ ਦੇ ਸੰਗੀ ਸਾਥੀਆਂ ਨੇ ਗੁਰਬਾਣੀ ਦੇ ਨਿਆਰੇ ਸਿਧਾਂਤ ਨੂੰ ਸਮਝਣ ਲਈ ਗੁਰਬਾਣੀ ਦੀ ਕੂੰਜੀ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੀ ਥਾਂ ਕਿਸੇ ਬ੍ਰਾਹਮਣੀ ਗ੍ਰੰਥ ਨੂੰ ਹੀ ਸਿੱਧ ਕਰਨਾ ਹੋਵੇ ਅਤੇ ਫਿਰ ਸਿਮਰਨ ਦੀ ਵਿਧੀ ਦੀ ਘਾਟ ਵੀ ਆਪ ਜੀ ਨੂੰ ਗੁਰਬਾਣੀ ਅੰਦਰ ਰੜਕ ਰਹੀ ਹੈ, ਜਿਸਦੇ ਪ੍ਰਮਾਣ ਆਪ ਜੀ ਹਰ ਦਲੀਲ ਲਈ ਵਰਤਦੇ ਹੋ। ਆਪ ਜੀ ਨੇ ਅਜੇ ਉਹ ਰਮਜ਼ ਦਾ ਭੇਤ ਜੋ ਆਪ ਜਿਹੇ ਵਿਦਿਆਰਥੀ ਨੂੰ ਸਮਝਾਉਣ ਦੀ ਅਕਾਲ ਪੁਰਖ ਨੇ ਮਿਹਰ ਕੀਤੀ ਹੈ (ਭਾਗ ਪਹਿਲਾ, ਪੰਨਾ 21) ਦੱਸ ਕੇ 'ਮੌਜੂਦਾ ਪੰਥਕ ਰਹਿਤ ਮਰਿਆਦਾ' ਦੀਆਂ ਕਮੀਆਂ ਨੂੰ ਦੂਰ ਕਰਨਾ ਹੋਵੇਗਾ। ਜੇ ਪੰਥ ਅੰਦਰ ਇੰਨੀਆਂ ਕਮੀਆਂ ਆਪ ਜੀ ਨੂੰ ਨਜ਼ਰ ਨਾ ਆਉਂਦੀਆਂ ਤਾਂ ਆਪ ਜੀ ਦੀ ਰਹਿਤ ਮਰਿਆਦਾ ਪੜ੍ਹਨੀ-ਸਮਝਣੀ ਵੀ ਕਿਸਨੇ ਸੀ।

ਆਖਰ 'ਤੇ ਸ. ਕਾਲਾ ਅਫ਼ਗਾਨਾ ਜੀ ਇਕ ਬੇਨਤੀ ਤੇ ਰਹਿ ਹੀ ਗਈ ਕਿ ਆਪ ਜੀ ਨੇ ਦੂਸਰਿਆਂ ਨੂੰ ਤੇ ਬਹੁਤ ਭੰਡਿਆ ਹੈ ਕਿ ਚਿੱਠੀਆਂ ਦੇ ਜਵਾਬ ਨਹੀਂ ਦਿੰਦੇ। ਆਪ ਜੀ ਨੂੰ ਵੀ ਗੁਰਪ੍ਰੀਤ ਸਿੰਘ ਦਿੱਲੀ ਨੇ ਈ-ਮੇਲ ਰਾਹੀਂ ਵੀ ਤੇ ਚਿੱਠੀ ਰਾਹੀਂ ਵੀ ਅਤੇ ਸ. ਬਲਜੀਤ ਸਿੰਘ ਖ਼ਾਲਸਾ ਨੇ ਆਪਣੀ ਕਿਤਾਬ ਹੱਡੀਂ ਹੰਢਾਇਆ ਇਕ ਖ਼ੂਨੀ ਦਹਾਕਾ ਅੰਦਰ ਖੁਲ੍ਹੀ ਚਿੱਠੀ ਲਿਖੀ ਹੈ ਪਰ ਜਵਾਬ ਨਹੀਂ ਆਇਆ। ਪਰ ਆਪ ਜੀ ਅਨੁਸਾਰ ਇਹ ਲੋਕ ਤੇ ਵਿਹਲੇ ਹਨ ਕਿਉਂਕਿ ਪਿਛਲੇ 200 ਸਾਲ ਅੰਦਰ ਸਿੱਖਾਂ ਵਿਚ ਕੋਈ ਸਿਆਣਾ ਬੰਦਾ ਪੈਦਾ ਹੀ ਨਹੀਂ ਹੋਇਆ। ਸੋ ਆਪ ਜੀ ਨੇ ਇਸ ਸਮੇਂ ਅੰਦਰ ਸਿੱਖਾਂ ਵਿਚ ਪੈਦਾ ਹੋਈਆਂ ਬੁਰਾਈਆਂ ਦੀ ਸੁਧਾਈ ਕਰਨੀ ਹੈ। ਬਿਪਰ ਦੇ ਪਿਛਲੇ 200 ਸਾਲ ਦੇ ਹਮਲਿਆਂ ਨੇ ਸਿੱਖ ਪੰਥ ਦਾ ਜਨਾਜ਼ਾ ਕੱਢ ਦਿੱਤਾ ਹੈ ਅਤੇ ਹੁਣ ਇਸ ਨੂੰ ਮੋਢਾ ਦੇਣ ਲਈ ਅਕਾਲ ਪੁਰਖ ਨੇ ਆਪ ਜੀ ਨੂੰ ਸੋਝੀ ਬਖਸ਼ੀ ਹੈ। ਸੋ ਆਪ ਕੋਲ ਜੁਆਬ ਦੇਣ ਲਈ  ਸਮਾਂ ਕਿੱਥੇ।